بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.04.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

- ਜਰਮਨੀ ਦੇ ਦੌਰੇ ਸਮੇਂ ਮਸਜਿਦਾਂ ਦੇ ਉਧਘਾਟਨ ਅਤੇ ਨੀਂਹ ਪਥੱਰ ਰਖੱਣ ਦੇ ਸਮਾਰੋਹਾਂ ਮੌਕੇ ਹਜ਼ੂਰ ਅਨਵਰ ਦੇ ਇਮਾਨ ਵਧਾਉ ਭਾਸ਼ਣ
- ਹਜ਼ੂਰ ਅਨਵਰ ਦੇ ਭਾਸ਼ਣਾ ਦਾ ਮਹਿਮਾਨਾਂ ਉਪੱਰ ਡੂੰਘਾ ਪ੍ਰਭਾਵ ਅਤੇ ਉਹਨਾਂ ਦੇ ਵਿਚਾਰ
- ਪੀਸ ਸਿੰਪੋਜ਼ੀਯਮ ਯੂਕੇ 2017 ਦਾ ਇਮਾਨ ਵਧਾਉ ਵਰਨਣ ਅਤੇ ਆਏ ਮਹਿਮਾਨਾ ਦੇ ਵਿਚਾਰ
- ਵਿਸ਼ਵਯੁੱਧ ਦੇ ਵਧੱਦੇ ਖ਼ਤਰੇ ਅਤੇ ਦੁਆ ਦੀ ਤਹਿਰੀਕ, ਐਟਮੀ ਜੰਗ ਦੇ ਕੁਪ੍ਰਭਾਵਾਂ ਤੋਂ ਬਚਣ ਲਈ ਹੋਮਿਓਪੈਥੀ ਨੁਸਖ਼ੇ ਦੀ ਵਰਤੋਂ ਦੀ ਪ੍ਰੇਰਨਾ
- ਅਲਜਜ਼ਾਇਰ ਅਤੇ ਪਾਕਿਸਤਾਨ ਦੇ ਅਹਮਦੀਆਂ ਲਈ ਵਿਸ਼ੇਸ਼ ਦੁਆ ਦੀ ਤਹਿਰੀਕ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਅਪ੍ਰੈਲ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੌਰਡਨ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜੱਦ ਵੀ ਮੈਂਨੂੰ ਦੁਨੀਆ ਦੇ ਪ੍ਰੈਸ ਦੇ ਨੁਮਾਇੰਦੇ ਜਾਂ ਗ਼ੈਰਮੁਸਲਿਮਾ ਨਾਲ ਬੈਠਣ ਦਾ ਮੌਕਾ ਮਿਲਦਾ ਹੈ, ਪ੍ਰਸ਼ਨ ਉਤੱਰ ਜਾਂ ਗੱਲ ਬਾਤ ਕਰਨ ਦਾ ਮੌਕਾ ਮਿਲਦਾ ਹੈ ਤਾਂ ਕਿਸੇ ਨ ਕਿਸੇ ਤਰੀਕੇ ਨਾਲ ਸਿੱਧੇ ਰੂਪ ਵਿੱਚ ਜਾਂ ਅਸਿੱਧੇ ਰੂਪ ਵਿੱਚ ਇਹ ਪ੍ਰਸ਼ਨ ਅਵਸ਼ ਕਰਦੇ ਹਨ ਕਿ ਇਸਲਾਮ ਬਾਰੇ ਜੋ ਖ਼ੌਫ਼ ਦੁਨੀਆ ਵਿੱਚ ਹੈ ਉਸ ਦਾ ਕੀ ਕਾਰਣ ਹੈ ਅਤੇ ਇਹ ਕਿਵੇਂ ਦੂਰ ਹੋਵੇਗਾ ? ਕਈ ਖੁੱਲ੍ਹਕੇ ਅਤੇ ਕਈ ਢਕੇ ਛਿਪੇ ਸਬਦਾਂ ਵਿੱਚ ਕਹਿ ਦਿੰਦੇ ਹਨ ਅਤੇ ਕਹਿਣਾ ਚਾਹੁੰਦੇ ਹਨ ਕਿ ਸੰਭਵਤਾ ਇਸਲਾਮ ਦੀ ਸਿੱਖਿਆ ਹੈ । ਇਉਂ ਇਸ ਵਾਰ ਵੀ ਜਰਮਨੀ ਦੇ ਇਕ ਜਰਨਲਿਸਟ ਨੇ ਪ੍ਰਸ਼ਨ ਕੀਤਾ ਕਿ ਜਰਮਨੀ ਵਿੱਚ ਇਸਲਾਮ ਦਾ ਖ਼ੌਫ਼ ਵੱਧ ਰਿਹਾ ਹੈ, ਇਸ'ਤੇ ਆਪ ਦੀ ਕੀ ਪ੍ਰਤੀਕ੍ਰਿਆ ਹੈ । ਹਜ਼ੂਰ ਨੇ ਫ਼ਰਮਾਇਆ : ਇਹੋ ਪ੍ਰਸ਼ਨ ਹੈ ਜੋ ਸਾਡੇ ਪ੍ਰਚਾਰ ਦੇ ਮਾਰਗ ਖੋਲਦਾ ਹੈ ਕਿ ਇਹ ਖ਼ੌਫ਼ ਵੱਧ ਰਿਹਾ ਹੈ । ਤਾਂ ਕੁਝ ਮੁਸਲਮਾਨ ਅਖਵਾਉਣ ਵਾਲੇ ਧੜੇ ਜਾਂ ਲੋਕਾਂ ਦਾ ਇਸਲਾਮ ਦੇ ਨਾਂ'ਤੇ ਗ਼ਲਤ ਹਰਕਤਾਂ ਕਰਨਾ ਅਤੇ ਸ਼ਿਦੱਤ ਪਸੰਦ ਹਮਲੇ ਕਰਨ ਕਰਕੇ ਹੁੰਦਾ ਹੈ ਅਤੇ ਇਹ ਐਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਭਵਿੱਖਬਾਣੀ ਅਨੁਸਾਰ ਹੈ ਅਤੇ ਅਜਿਹੇ ਸਮੇਂ ਮਸੀਹ

ਮੌਊਦ ਅਤੇ ਮਹਦੀ ਮਾਹੂਦ ਦੇ ਆਉਣ ਦੀ ਪੇਸ਼ਗੋਈ ਹੈ, ਜਿੰਨ੍ਹਾ ਨੇ ਇਸਲਾਮ ਦੀ ਸਹੀ ਸਿੱਖਿਆ ਦੁਨੀਆ ਵਿੱਚ ਫੈਲਾਉਂਣੀ ਸੀ ਅਤੇ ਸਾਡੇ ਇਮਾਨ ਅਨੁਸਾਰ ਜਮਾਤ ਅਹਮਦੀਆ ਦੇ ਬਾਨੀ ਉਹੋ ਮੌਊਦ (ਵਾਅਦਾ ਕੀਤੇ ਗਏ) ਮਸੀਹ ਹਨ ਜਿੰਨ੍ਹਾ ਦੀ ਭਵਿੱਖਭਬਾਣੀ ਕੀਤੀ ਗਈ ਸੀ । ਸੋ, ਸਾਡੀ ਪ੍ਰਤੀਕ੍ਰਿਆ ਤਾਂ ਉਹਨਾਂ ਦੀ ਸਿੱਖਿਆ ਅਨੁਸਾਰ ਹੈ ਜੋ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਿੱਤੀ ਹੈ ਕਿ ਇਸਲਾਮ ਦੀ ਅਮਨ ਤੇ ਸਲਾਮਤੀ ਦੀ ਸਿੱਖਿਆ ਨੂੰ ਫੈਲਾਓ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦੱਸਿਆ ਕਿ ਹਰ ਪ੍ਰਕਾਰ ਦੀ ਸ਼ਿਦੱਤ ਪਸੰਦੀ (ਕਟੱੜਤਾ) ਅਤੇ ਦਹਿਸ਼ਤ ਗਰਦੀ, ਜ਼ੁਲਮ ਤੇ ਅਤਿਆਚਾਰ ਇਸਲਾਮ ਦੀ ਸਿੱਖਿਆ ਦੇ ਵਿਪਰੀਤ ਹੈ । ਆਪ ਅਲੈਹਿ ਸਲਾਮ ਨੇ ਸਾਨੂੰ ਦੱਸਿਆ ਕਿ ਜੱਦ ਤੋਂ ਦੁਨੀਆ ਪੈਦਾ ਹੋਈ ਹੈ ਸਾਰਿਆਂ ਦੇਸ਼ਾਂ ਦੇ ਨੇਕ ਲੋਕ ਇਹ ਗਵਾਹੀ ਦਿੰਦੇ ਆਏ ਹਨ ਕਿ ਰੱਬ ਦੇ ਆਾਚਰਣਾ ਦਾ ਪੈਰ੍ਹੋ ਹੋਣ ਮਨੁੱਖੀ ਜੀਵਨ ਲਈ ਇਕ 'ਆਬੇ ਹਯਾਤ' (ਸੰਜੀਵਨੀ) ਹੈ ਰੱਬ ਦੇ ਜੋ ਆਚਰਣ ਹਨ, ਜੋ ਉਸਦੇ ਗੁਣ ਹਨ, ਉਹ ਅਪਣਾਓ ਫਿਰ ਹੀ ਮਨੁੱਖੀ ਜੀਵਨ ਜੀਵਨ ਹੈ ਅਤੇ ਮਨੁੱਖਾਂ ਦਾ ਭੌਤਕ ਤੇ ਅਧਿਆਤਮਕ ਜੀਵਨ ਇਸੇ ਗੱਲ ਨਾ ਸਲੰਗਤ ਹੈ ਕਿ ਉਹ ਰੱਬ ਦੇ ਸਾਰਿਆਂ ਪਵਿਤੱਰ ਆਚਰਣਾ ਦੀ ਪੈਰ੍ਹਵੀ ਕਰੇ ਜੋ ਸਲਾਮਤੀ ਦਾ ਸੋਮਾ ਹਨ ।

ਸੋ, ਰੱਬ ਜੋ ਕਿ ਸਲਾਮਤੀ ਦਾ ਸੋਮਾ ਹੈ ਉਹ ਇਕ ਮੁਸਲਮਾਨ ਤੋਂ ਇਹੋ ਚਾਹੁੰਦਾ ਹੈ ਕਿ ਅਤੇ ਇਹੋ ਕੁਰਆਨ ਕਰੀਮ ਦਾ ਆਦੇਸ਼ ਹੈ ਕਿ ਉਸ ਦੇ ਗੁਣਾ ਨੂੰ ਅਪਣਾਇਆ ਜਾਵੇ ਅਤੇ ਉਸ ਦੇ ਆਚਰਣਾ ਨੂੰ ਧਾਰਣ ਕੀਤਾ ਜਾਵੇ । ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਕੁਰਆਨ ਸ਼ਰੀਫ਼ ਨੂੰ ਪਹਿਲਾਂ ਇਸੇ ਆਇਤ ਨਾਲ ਸ਼ੁਰੂ ਕੀਤਾ ਹੈ ਕਿ ਜੋ ਸੂਰਤ ਫ਼ਾਤਿਹਾ ਵਿੱਚ ਹੈ ਕਿ (اَلْحَمْدُ لِلّٰهِ رَبِّ الْعٰلَمِيْنَ) ਅਲਹਮਦੁ ਲਿਲੱਾਹਿ ਰੱਬਿਲ ਆਲਾਮੀਨ' ਅਰਥਾਤ ਉਹ ਸਚੱਾ ਹੈ ਅਤੇ ਕਾਮਲ ਰੱਬ ਜਿਸ'ਤੇ ਇਮਾਨ ਲਿਆਉਂਣਾ ਹਰ ਇਕ ਬੰਦੇ ਲਈ ਫ਼ਰਜ਼ ਹੈ ਉਹ 'ਰਬੁੱਲ ਆਲਾਮੀਨ' ਹੈ ਅਤੇ ਉਸਦੀ ਸ਼ਕਤੀ ਕਿਸੇ ਵਿਸ਼ੇਸ਼ ਕੌਮ ਤੱਕ ਸੀਮਤ ਨਹੀਂ ਅਤੇ ਨ ਕਿਸੇ ਵਿਸ਼ੇਸ਼ ਯੁੱਗ ਤੱਕ ਅਤੇ ਨ ਕਿਸੇ ਵਿਸ਼ੇਸ਼ ਦੇਸ਼ ਤੱਕ ਸਗੋਂ ਉਹ ਸਾਰੀਆਂ ਕੌਮਾਂ ਦਾ ਰੱਬ ਹੈ ਅਤੇ ਸਾਰਿਆਂ ਯੁਗਾਂ ਦਾ ਰੱਬ ਹੈ ਅਤੇ ਹਰ ਥਾਂ ਦਾ ਰੱਬ ਹੈ । ਸਾਰਿਆਂ ਦੇਸ਼ਾਂ ਦਾ ਰੱਬ ਉਹੋ ਹੈ ਅਤੇ ਸਾਰਿਆਂ ਹਿਤਾਂ ਤੇ ਲਾਭ ਦਾ ਸੋਮਾ ਉਹੋ ਹੈ ਅਤੇ ਇਕ ਭੌਤਕ ਤੇ ਆਧਿਆਤਮਕ ਸ਼ਕਤੀ ਉਸੇ ਵਿੱਚ ਹੈ ਅਤੇ ਉਸੇ ਰਾਹੀਂ ਸਾਰੀ ਕਾਇਨਾਤ ਦਾ ਪਾਲਣ ਪੋਸ਼ਣ ਹੋ ਰਿਹਾ ਹੈ ਅਤੇ ਹਰ ਇਕ ਵੁਜੂਦ ਦਾ ਉਹੋ ਸਹਾਰਾ ਹੈ ।

ਸੋ, ਇਹ ਹੈ ਉਹ ਗਿਆਨ ਤੇ ਮਆਰਫ਼ਤ ਜੋ ਕੁਰਆਨ ਕਰੀਮ ਦੀ ਸਿੱਖਿਆ ਰਾਹੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਪ੍ਰਦਾਨ ਕੀਤਾ ਹੈ ਜੋ ਦੁਨੀਆ ਵਿੱਚ ਅਮਨ ਤੇ ਸਲਾਮਤੀ ਫ਼ੈਲਾਉਣ ਲਈ ਜ਼ਰੂਰੀ ਹੈ ਅਤੇ ਇਹੋ ਉਹ ਗੱਲ ਹੈ ਜੋ ਦੁਨੀਆ ਵਿੱਚ ਸੁਲਾਹ (ਸੰਧੀ) ਦੀ ਨੀਂਹ ਪਾ ਸਕਦੀ ਹੈ ਅਤੇ ਇਹੋ ਉਹ ਸੰਦੇਸ਼ ਹੈ ਜਿਸ ਨੂੰ ਜਮਾਤ ਅਮਹਦੀਆ ਦੇ ਲੋਕ ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਾਉਣ ਦਾ ਜਤਨ ਕਰ ਰਹੇ ਹਨ ਅਤੇ ਕਰਨਾ ਚਾਹੀਰਦਾ ਹੈ । ਸੋ, ਜੇਕਰ ਕੁਝ ਲੋਕਾਂ ਦੇ ਕਰਮ ਜਾਂ ਉਹਨਾਂ ਦੀਆਂ ਹਰਕਤਾਂ ਇਸਲਾਮ ਦੇ ਨਾਂ'ਤੇ ਦੁਨੀਆਂ ਵਿੱਚ ਫ਼ਸਾਦ ਤੇ ਉਪਦੱਰ ਪੈਦਾ ਕਰਨ ਦੇ ਜਤਨ ਕਰਨ ਵਾਲੇ ਹਨ ਤਾਂ ਇਸ ਸਿੱਖਿਆ ਕਰਕੇ ਨਹੀਂ ਜੋ ਰੱਬ ਨੇ ਮੁਸਲਮਾਨਾਂ ਨੂੰ ਦਿੱਤੀ ਹੈ ਸਗੋਂ ਇਸ ਸਿੱਖਿਆ ਤੋਂ ਦੂਰ ਹੋ ਜਾਣ ਕਰਕੇ ਅਤੇ ਇਸ ਯੁਗ ਵਿੱਚ ਰੱਬ ਦੇ ਭੇਜੇ ਹੋਏ 'ਫ਼ਰਸਤਾਦੇ' (ਸੰਦੇਸ਼ਵਾਹਕ) ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਨੂੰ ਨ ਮੰਨ੍ਹਣ ਕਰਕੇ ਹੈ ।

ਸੋ, ਜੱਦ ਅਸੀਂ ਇਸ ਸਿੱਖਿਆ ਦੇ ਚਾਨ੍ਹਣੇ ਵਿੱਚ ਦੁਨੀਆ ਨੂੰ ਭਾਈਚਾਰੇ, ਸੁਲਾਹ (ਸੰਧੀ) ਤੇ ਸਲਾਮਤੀ ਦਾ ਮਾਰਗ ਦਿਖਾਉਦੇ ਹਾਂ ਤਾਂ ਆਪ ਮੁਹਾਰੇ ਹੀ ਸੁਚੱਾ ਸੁਭਾਉ ਰਖੱਣ ਵਾਲਿਆਂ ਦੇ ਮੂੰਹੋਂ ਇਹ ਸ਼ਬਦ ਨਿਕਲਦੇ ਹਨ ਕਿ ਇਸਲਾਮ ਦੀ ਸਿੱਖਿਆ ਤਾਂ ਅਤਿ ਸੁੰਦਰ ਸਿੱਖਿਆ ਹੈ । ਜਿਵੇਂ ਕਿ ਇਸ ਗੱਲ ਦਾ ਪ੍ਰਗਟਾਵਾ ਮੇਰੇ ਜਰਮਨੀ ਦੇ ਇਸ ਦੌਰੇ ਸਮੇਂ ਵੀ ਹੋਇਆ ।

ਵਾਲਡਸ਼ੱਟ (Waldshut) ਸ਼ਹਿਰ ਵਿੱਚ ਮਸਜਿਦ ਬੈਅਤੁਲ ਆਫ਼ੀਯਤ ਦੇ ਉਧਘਾਟਨ ਦੇ ਸਮਾਰੋਹ ਦੇ ਮੌਕੇ ਇਕ ਡਾਕਟਰ ਕਹਿਣ ਲੱਗੇ ਕਿ ਮੇਰੇ ਸਾਰੇ ਜੀਵਨ ਵਿੱਚ ਇਹ ਉਤਸੁਕਤਾ ਰਹੀ ਕਿ ਮੈਨੂੰ ਅਮਨ ਪਸੰਦ ਮੁਨਲਮਾਨ ਕਿਤੇ ਮਿਲ ਜਾਣ, ਅੱਜ ਆਪ ਲੋਕਾਂ ਨੇ ਮੇਰੀ ਇਸ ਇਛੱਾ ਨੂੰ ਪੂਰਾ ਕਰ ਦਿੱਤਾ ਹੈ । ਮੈਂ ਆਪਣੇ ਆਪ ਨੂੰ ਬਹੁਤ ਖ਼ੁਸ਼ਕਿਸਮਤ ਅਨੁਭਵ ਕਰ ਰਿਹਾ ਹਾਂ ਕਿ ਅੱਜ ਮੈਨੂੰ ਇਹ ਲੋਕ ਮਿਲ ਗਏ ਹਨ ।

ਇਟਲੀ ਨਾਲ ਸੰਬੰਧ ਰਖੱਣ ਵਾਲੀ ਇਕ ਇਸਤਰੀ ਵੀ ਆਈ ਹੋਈ ਸਨ ਆਪਣੇ ਮਿਤੱਰ ਨਾਲ ਪ੍ਰੋਗਰਾਮ ਵਿੱਚ ਸ਼ਾਮਲ ਹੋਈਂ । ਉਸ ਦੇ ਦੱਸਿਆ ਕਿ ਮੇਰਾ ਮਿਤੱਰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੋਂ ਘਬਰਾ ਰਿਹਾ ਸੀ ਕਿਉਂਕਿ ਇਸਲਾਮ ਬਾਰੇ ਉਸ ਦੇ ਨਕਾਰਾਤਮਕ ਵਿਚਾਰ ਸਨ, ਪਰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਅਤੇ ਜਮਾਤ ਅਹਮਦੀਆ ਦੇ ਇਮਾਮ ਦਾ ਭਾਸ਼ਣ ਸੁਣਨ ਦੇ ਬਾਦ ਉਸ ਦਾ ਇਸਲਾਮ ਬਾਰੇ ਦ੍ਰਿਸ਼ਟੀਕੋਣ ਬਦਲ ਗਿਆ, ਇੱਥੋਂ ਤੱਕ ਕਿ ਉਸ ਨੇ ਝੱਟ ਆਪਣੇ ਮੋਬਾਇਲ ਰਾਹੀਂ ਆਪਣੇ ਇਕ ਦੂਜੇ ਮੁਸਲਮਾਨ ਮਿਤੱਰ ਨੂੰ ਮੈਸੇਜ ਭੇਜਿਆ ਕਿ ਅੱਜ ਮੈਨੂੰ ਪਤਾ ਲਗੱਾ ਹੈ ਕਿ ਤੁਹਾਡਾ ਧਰਮ ਕਿੰਨ੍ਹਾ ਸੋਹਣਾ ਹੈ ।

ਫਿਰ ਇਕ ਮਹਿਮਾਨ ਨੇ ਕਿਹਾ ਕਿ ਏਥੇ ਆਪ ਦੇ ਸਮਾਰੋਹ ਵਿੱਚੋ ਮੈਨੂੰ ਵੀ ਕੁਝ ਬਰਕਤਾ ਇਕਤੱਰ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ ਹੈ ਅਤੇ ਏਥੇ ਆਉਣਾ ਮੇਰੇ ਲਈ ਬਹੁਤ ਸਨਮਾਨ ਦੀ ਗੱਲ ਹੈ । ਜੇਕਰ ਅੱਜ ਮੈਂ ਏਥੇ ਨ ਆਉਂਦਾ ਤਾਂ ਨਿਸ਼ਚੇ ਬਹੁਤ ਵੱਡੀ ਚੀਜ਼ ਤੋਂ ਵਾਂਜਿਆਂ ਰਹਿ ਜਾਂਦਾ । ਜਮਾਤ ਅਹਮਦੀਆ ਰਾਹੀਂ ਮੈਨੂੰ ਹਕੀਕੀ ਇਸਲਾਮ ਦਾ ਪਰੀਚੈ ਹੋਇਆ ਹੈ ਜੋ ਟੀਵੀ ਵਿੱਚ ਨਫ਼ਰਤ ਤੇ ਕਟੱੜਤਾ ਵਾਲੇ ਇਸਲਾਮ ਦੇ ਉਕੱਾ ਵਿਪਰੀਤ ਹੈ ਅਤੇ ਏਥੇ ਮੈਨੂੰ ਅਮਨ ਤੇ ਪ੍ਰੇਮ ਮਿਲਿਆ ਹੈ ਅਤੇ ਕੇਵਲ ਇਹੋ ਨਹੀਂ ਕਿ ਸ਼ਾਬਦਕ ਅਮਨ ਤੇ ਪ੍ਰੇਮ ਸਗੋਂ ਕਰਮ ਰੂਪੀ ਵੀ, ਏਥੇ ਅਜਿਹੇ ਮਨੁੱਖ ਮਿਲੇ ਜੋ ਨਫ਼ਰਤ ਨਹੀਂ ਚਾਹੁੰਦੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਹਰ ਅਹਮਦੀ ਦਾ ਜੋ ਵਿਕਤੀਗੱਤ ਗੁਣ ਤੇ ਕਰਮ ਹੈ ਉਹ ਵੀ ਖ਼ਾਮੋਸ਼ ਪ੍ਰਚਾਰ ਕਰ ਰਿਹਾ ਹੁੰਦਾ ਹੈ ।

ਸਾਡੇ ਸੁਲਝੇ ਹੋਏ ਅਹਮਦੀ ਬੱਚੇ ਵੀ ਕਿਵੇਂ ਵਾਤਾਵਰਣ ਵਿੱਚ ਪ੍ਰਭਾਵ ਪਾ ਰਹੇ ਹੁੰਦੇ ਹਨ, ਉਹ ਦ੍ਰਿਸ਼ ਵੀ ਸਾਨੂੰ ਦਿਖਾਈ ਦਿੰਦੇ ਹਨ । ਇਉਂ ਇਕ ਮਹਿਮਾਨ ਇਸਤਰੀ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆ ਕਿਹਾ ਕਿ ਮੈਂ ਆਪ ਦਾ ਧੰਨਵਾਦ ਕਰਦੀ ਹਾਂ, ਮੇਰੇ ਬੱਚਿਆਂ ਦੀ ਅਹਮਦੀ ਬੱਚਿਆਂ ਨਾਲ ਮਿਤੱਰਤਾ ਹੈ, ਜੱਦ ਤੋਂ ਉਹਨਾਂ ਅਹਮਦੀ ਬੱਚਿਆਂ ਨਾਲ ਮਿਤੱਰਤਾ ਹੋਈ ਹੈ ਮੈਂ ਉਹਨਾਂ ਵਿੱਚ ਇਕ ਸਕਾਰਾਤਮ ਤੇ ਚੰਗਾ ਪਰਿਵਰਤਨ ਦੇਖਿਆ ਹੈ । ਇਸ ਕਰਕੇ ਮੈਂ ਜਾਣਨਾ ਚਾਹੁੰਦੀ ਸੀ ਕਿ ਆਪ ਦੀ ਸਿੱਖਿਆ ਕੀ ਹੈ ਅੱਜ ਇੱਥੇ ਆਉਣ ਦੇ ਬਾਦ ਮੈਨੂੰ ਪਤਾ ਲਗੱਾ ਹੈ ਕਿ ਮੇਰੇ ਬੱਚੇ ਚੰਗੇ ਮਿਤੱਰਾਂ ਨਾਲ ਹਨ ਅਤੇ ਸੁਰੱਖਿਅਤ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਖ਼ਾਮੋਸ਼ ਪ੍ਰਚਾਰ ਜੋ ਬੱਚਿਆਂ ਕਰਕੇ ਹੋ ਰਿਹਾ ਹੈ ਇਹ ਅਹਮਦੀ ਮਾਂਪਿਆਂ ਉਪੱਰ ਹੋਰ ਵਧੇਰੇ ਜ਼ਿੰਮੇਦਾਰੀ ਪਾਉਂਦਾ ਹੈ ਕਿ ਆਪਣੇ ਬੱਚਿਆਂ ਦੀ ਤਰਬੀਯਤ (ਸੀਖ) ਦਾ ਮਿਆਰ ਵਧਾਉਂਦੇ ਰਹਿਣ ਅਤੇ ਉਹਨਾਂ ਲਈ ਦੁਆਵਾਂ ਵੀ ਕਰਦੇ ਰਹਿਣ ਤਾਂ ਜੋ ਹਮੇਸ਼ਾ ਅਹਮਦੀ ਬੱਚੇ ਦੂਜਿਆਂ ਉਪੱਰ ਨੇਕ ਤੇ ਚੰਗਾ ਪ੍ਰਭਾਵ ਪਾਉਣ ਵਾਲੇ ਹੋਣ ਅਤੇ ਮਾਹੌਲ ਦੀਆਂ ਬੁਰਾਈਆਂ ਤੋਂ ਬਚੱਦੇ ਰਹਿਣ । ਇਹੋ ਚੰਗੇ ਤੇ ਨੇਕ ਪ੍ਰਭਾਵ ਹਨ

ਜੋ ਭਵਿੱਖ ਵਿੱਚ ਇੰਸ਼ਾਅਲੱਾਹ ਹਕੀਕੀ ਇਸਲਾਮ ਦੇ ਪੈਗ਼ਾਮ ਵਿੱਚ ਚੰਗਾ ਕਿਰਦਾਰ ਨਿਭਾਉਣਗੇ । ਉਹੋ ਬੱਚੇ ਜੱਦ ਉਹਨਾਂ ਬੱਚਿਆਂ ਨਾਲ ਖੇਡਦਿਆਂ ਹੋਇਆ ਪਰਵਾਨ ਚੜ੍ਹਨਗੇ ਜੇਕਰ ਇਹ ਬੱਚੇ ਆਪਣੀਆਂ ਹਾਲਤਾਂ ਨੂੰ ਇਸਲਾਮ ਦੀ ਸਿੱਖਿਆ ਅਨੁਸਾਰ ਬਣਾਈ ਰਖੱਣਗੇ ਤਾਂ ਇੰਸ਼ਾਅਲੱਾਹ ਤਆਲਾ ਇਹਨਾਂ ਹੀ ਬੱਚਿਆਂ ਵਿੱਚੋਂ ਜੋ ਗ਼ੈਰਮੁਸਲਿਮ ਬੱਚੇ ਹਨ ਅਹਮਦੀਅਤ ਵਿੱਚ ਸ਼ਾਮਲ ਹੋਣ ਵਾਲੇ ਬਹੁਤ ਸਾਰੇ ਹੋਣਗੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਇਕ ਦੂਜੇ ਸ਼ਹਿਰ ਆਗਸ ਬਰਗ ਵਿੱਚ ਮਸਜਿਦ ਬੈਅਤੁਨ ਨਸੀਰ ਦੇ ਉਧਘਾਟਨ ਦੇ ਹਵਾਲੇ ਨਾਲ ਫ਼ਰਮਾਇਆ : ਇਸੇ ਪ੍ਰਕਾਰ ਆਗਸਬਰਗ ਦੂਜਾ ਸ਼ਹਿਰ ਹੈ ਜਿੱਥੇ ਮਸਜਿਦ ਦਾ ਉਧਘਾਟਨ ਹੋਇਆ । ਵਡੱਾ ਸ਼ਹਿਰ ਹੋਣ ਕਰਕੇ ਏਥੇ ਬਹੁਤ ਪੜ੍ਹੇ ਲਿਖੇ ਲੋਕ ਵੀ ਆਏ ਸਨ ਸਿਆਸਤਦਾਨ ਵੀ ਆਏ ਹੋਏ ਸਨ । ਇਕ ਮਹਿਮਾਨ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਇਹ ਬਹੁਤ ਹੀ ਸੁੰਦਰ ਪੈਗ਼ਾਮ ਹੈ ਜੋ ਪਹੁੰਚਾਇਆ ਜਾ ਰਿਹਾ ਹੈ । ਮੇਰੀ ਇਹ ਤਮਨੱਾ ਹੈ ਕਿ ਆਪ ਦਾ ਇਹ ਸੰਦੇਸ਼ ਇਸਲਾਮੀ ਦੇਸ਼ਾਂ ਦੇ ਅਧਿਖਤਰ ਲੋਕਾਂ ਤੱਕ ਪਹੁੰਚੇ । ਇਸ ਰਾਹੀਂ ਬਹੁਤਾ ਅਮਨ ਕਾਇਮ ਹੋਵੇਗਾ । ਕਾਸ਼ ! ਕਿ ਮੁਸਲਮਾਨ ਲੋਕ ਵੀ ਮੁਸਮਲਮਾਨ ਦੇਸ਼ ਵੀ ਇਸ ਗੱਲ ਨੂੰ ਸਮਝਣ ਵਾਲੇ ਹੋਣ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਆਸ਼ਕ ਰਾਹੀਂ ਜੋ ਇਸਲਾਮ ਦਾ ਪੁਨਰਉਥੱਾਨ ਹੋਣਾ ਹੈ ਇਸ ਵਿੱਚ ਉਹਨਾਂ ਨਾਲ ਸ਼ਾਮਲ ਹੋਕੇ ਇਹਨਾਂ ਦੇ ਸਹਾਇਕ ਬਣਨ ਨ ਕਿ ਰੋਕਾਂ ਪਾਉਣ ਅਤੇ ਵਿਰੋਧਤਾਵਾਂ ਤੇ ਦੁਸ਼ਮਣੀਆਂ ਪੈਦਾ ਕਰਨ ।

ਇਕ ਜਰਮਨ ਸਕੂਲ ਅਧਿਆਪਕ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ । ਮੈਂ ਆਪਣੇ ਸਕੂਲ ਦੇ ਬੱਚਿਆਂ ਨੂੰ ਇਸਲਾਮ ਦੇ ਹਵਾਲੇ ਨਾਲ ਉਹਨਾਂ ਦੇ ਪ੍ਰਸ਼ਨਾਂ ਦੇ ਉਤੱਰ ਨਹੀਂ ਦੇ ਸਕਦੀ ਸੀ ਕਿਉਕਿ ਮੀਡੀਆ ਵਿੱਚ ਜੋ ਕੁਝ ਆਉਂਦਾ ਸੀ ਉਹ ਇਸਲਾਮ ਦੇ ਅਤਿ ਵਿਰੋਧ ਵਿੱਚ ਹੁੰਦਾ ਸੀ । ਅੱਜ ਇਸ ਪ੍ਰਗਰਾਮ ਵਿੱਚ ਜਮਾਤ ਅਹਮਦੀਆ ਦੇ ਇਮਾਮ ਦਾ ਭਾਸ਼ਣ ਸੁਣਕੇ ਮੈਨੂੰ ਐਨ੍ਹੀ ਬਹੁਤੀ ਸਮਗਰੀ ਮਿਲ ਗਈ ਹੈ ਕਿ ਮੈਂ ਆਪਣੇ ਵਿਦਿਆਰਥੀਆਂ ਨੂੰ ਹੁਣ ਇਸਲਾਮ ਦੀ ਵਾਸਤਵਿਕ ਸਿੱਖਿਆ ਨਾਲ ਜਾਣੂ ਕਰਾ ਸਕਦੀ ਹਾਂ ।

ਫਿਰ ਇਕ ਇਸਤਰੀ ਨੇ ਕਿਹਾ ਕਿ ਆਪ ਦੇ ਖ਼ਲੀਫ਼ਾ ਦੀਆਂ ਗਲੱਾਂ ਸੁਣਕੇ ਮੇਰ ਮਨ ਉਪੱਰ ਡੂੰਘਾ ਪ੍ਰਭਾਵ ਪਿਆ ਹੈ ਮੈਂ ਨਹੀਂ ਜਾਣਦੀ ਸੀ ਕਿ ਇਸਲਾਮ ਦੀ ਸਿੱਖਿਆ ਐਨ੍ਹੀ ਸੁੰਦਰ ਤੇ ਹਸੀਨ ਹੈ । ਇਹ ਸੁਣਕੇ ਮੇਰੇ ਮਨ ਵਿੱਚ ਪ੍ਰਸ਼ਨ ਉਠੱਦਾ ਹੈ ਕਿ ਕਿ ਐਨ੍ਹੀ ਸੁੰਦਰ ਸਿੱਖਿਆ ਹੁੰਦਿਆਂ ਹੋਇਆ ਵੀ ਇਸਲਾਮ ਐਨ੍ਹਾ ਬਦਨਾਮ ਕਿਉਂ ਹੋ ਗਿਆ ਹੈ? ਮੈਂ ਦੁਆ ਕਰਦੀ ਹਾਂ ਕਿ ਆਪ ਦਾ ਇਸਲਾਮ ਫੈਲੇ ਅਤੇ ਸਾਰਿਆਂ ਲੋਕਾਂ ਤੱਕ ਪਹੁੰਚੇ ।

ਆਗਸਬਰਗ ਯੂਨੀਵਰਸਿਟੀ ਦੇ ਇਕ ਪ੍ਰੋਫ਼ੈਸਰ ਕਹਿੰਦੇ ਹਨ ਕਿ ਜਮਾਤ ਅਹਮਦੀਆ ਦੇ ਇਮਾਮ ਨੇ ਜੋ ਕਿਹਾ, ਜੇਕਰ ਵਾਸਤਵ ਵਿੱਚ ਆਪ ਦਾ ਸੰਦੇਸ਼ ਉਹੋ ਹੈ ਤਾਂ ਆਪ ਨੂੰ ਬਹੁਤ ਸਫ਼ਲਤਾ ਪ੍ਰਾਪਤ ਹੋਵੇਗੀ । ਇਹ ਐਨ੍ਹੇ ਪ੍ਰਭਾਵਤ ਹੋਏ ਕਿ ਉਹਨਾਂ ਨੇ ਯੂਨੀਵਰਸਿਟੀ ਵਿੱਚ ਨੁਮਾਇਸ਼ ਲਗਾਉਣ ਦੀ ਪੇਸ਼ਕਸ਼ ਕੀਤੀ ਅਤੇ ਇਸ ਇਛੱਾ ਦਾ ਪ੍ਰਗਟਾਵਾ ਕੀਤਾ ਕਿ ਜਮਾਤ ਪਬਲਿਕ ਵਿੱਚ ਬਹੁਤੀ ਪ੍ਰਦਰਸ਼ਿਤ ਹੋਵੇ ਅਤੇ ਆਪ ਦਾ ਸੰਦੇਸ਼ ਹਰ ਇਕ ਨੂੰ ਪਹੁੰਚੇ ।

ਇਕ ਡਾਕਟਰ ਇਸਤਰੀ ਨੇ ਕਿਹਾ ਕਿ ਮਨ ਦੀ ਡੂੰਘਿਆਈਆਂ ਤੱਕ ਪ੍ਰਭਾਵ ਕਰਨ ਵਾਲਾ ਭਾਸ਼ਣ ਸੀ ਵਿਸ਼ੇਸ਼ ਕਰਕੇ ਪ੍ਰੇਮ ਤੇ ਅਮਨ ਦਾ ਸੰਦੇਸ਼ । ਜੇਕਰ ਸਾਡੇ ਵਿੱਚੋਂ ਹਰ ਇਕ ਆਪਣੇ ਗਵਾਂਢੀਆਂ ਦਾ ਖ਼ਿਆਲ ਰਖੱਣ ਵਾਲਾ ਬਣ ਜਾਵੇ ਜਿਵੇਂ ਕਿ ਇਸਲਾਮੀ ਸਿੱਖਿਆ ਹੈ ਤਾਂ ਦੁਨੀਆ ਕਿਤੇ ਵੱਧ ਹਸੀਨ ਹੋ ਜਾਵੇ ।

ਫਿਰ ਇਕ ਇਸਤਰੀ ਨੇ ਕਿਹਾ ਕਿ ਗਵਾਂਢੀਆਂ ਦੇ ਅਧਿਕਾਰਾਂ ਵੱਲ ਧਿਆਨ ਦੁਆਇਆ ਹੈ ਇਹ ਵਿਸ਼ੇਸ਼ ਰੂਪ ਵਿੱਚ ਚੰਗਾ ਲਗੱਾ ਹੈ । ਜੇਕਰ ਅਸੀਂ ਇਸ ਪੈਗ਼ਾਮ ਦੇ ਇਕ ਭਾਗ ਉਪੱਰ ਵੀ ਅਮਲ ਕਰੀਏ ਤਾਂ ਦੁਨੀਆ ਪਹਿਲਾਂ ਤੋਂ ਬਹੁਤ ਪੁਰਅਮਨ ਤੇ ਖ਼ੁਸ਼ਗਵਾਰ ਹੋ ਜਾਏ ।

ਪੁਲਿਸ ਨਾਲ ਸੰਬੰਧ ਰਖੱਣ ਵਾਲੇ ਇਕ ਤੁਰਕ ਮਹਿਮਾਨ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਅੱਜ ਦੇ ਇਸ ਸਮਾਰੋਹ ਅਤੇ ਆਪਦੇ ਪੈਗ਼ਾਮ ਨਾਲ ਬਹੁਤ ਪ੍ਰਭਾਵਤ ਹੋਇਆ ਹਾਂ । ਜੇਕਰ ਆਪ ਲੋਕ ਇਸੇ ਪ੍ਰਕਾਰ ਇਸਲਾਮ ਦਾ ਪੈਗ਼ਾਮ ਥਾਂ ਥਾਂ ਦਿੰਦੇ ਰਹੇ ਤਾਂ ਛੇਤੀ ਹੀ ਬਹੁਤ ਸਫ਼ਲਤਾ ਪਾਓਗੇ । ਫਿਰ ਕਹਿੰਦਾ ਹੈ ਕਿ ਮੈਂ ਪੁਲਿਸ ਵਾਲਾ ਹਾਂ ਅਤੇ ਅਜਿਹਾ ਵਿਵਸਥਤ ਪ੍ਰਬੰਧ ਹੋਰ ਕਿਤੇ ਨਹੀਂ ਦੇਖਣ ਨੂੰ ਮਿਲਦਾ ਮੈਂ ਆਪ ਦੇ ਪ੍ਰਬੰਧਾਂ ਤੋਂ ਬਹੁਤ ਕੁਝ ਸਿੱਖਿਆ ਹੈ ।

ਇਕ ਸੀਰੀਅਨ ਮਿਤੱਰ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਆਪ ਨੇ ਦੂਜਿਆਂ ਮੁਸਲਮਾਨਾਂ ਤੋਂ ਬਹੁਤ ਚੰਗੇ ਢੰਗ ਨਾਲ ਇਸਲਾਮੀ ਸਿੱਖਿਆ ਪੇਸ਼ ਕੀਤੀ ਹੈ । ਹੁਣ ਮੈਂ ਹੋਰ ਵਧੇਰੇ ਜਾਣਕਾਰੀ ਹਾਸਲ ਕਰਾਂਗਾ ਅਤੇ ਸੰਭਵਤਾ ਇਕ ਦਿਨ ਮੈਂ ਆਪ ਵੀ ਬੈਅਤ ਕਰਕੇ ਇਸ ਜਮਾਤ ਵਿੱਚ ਸ਼ਾਮਲ ਹੋ ਜਾਵਾਂ ਕਹਿੰਦੇ ਹਨ ਏਥੇ ਆਉਣ ਤੋਂ ਪਹਿਲਾਂ ਮੈਂ ਸੁਣਿਆ ਸੀ ਕਿ ਅਹਮਦੀਆਂ ਦਾ ਕੁਰਆਨ ਹੋਰ ਹੈ ਪਰ ਅੱਜ ਇਹ ਗੱਲ ਵੀ ਮੇਰੇ ਸਾਹਮਣੇ ਗ਼ਲਤ ਸਿੱਧ ਹੋ ਗਈ ।

ਹਜ਼ੂਰ ਅਨਵਰ ਨੇ ਫ਼ਰਮਇਆ : ਮਾਰਗਬਰਗ, ਇਹ ਸ਼ਹਿਰ ਹੈ ਓਥੇ ਮਸਜਿਦ ਦੀ ਉਸਾਰੀ ਦਾ ਨੀਂਹ ਪਥੱਰ ਰੱਖਿਆ ਗਿਆ । ਓਥੇ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੀ ਇਕ ਇਸਤਰੀ ਨੇ ਕਿਹਾ ਕਿ ਗਵਾਂਢੀਆਂ ਦੇ ਹਕੱਾਂ ਨਾਲ ਸੰਬੰਧਤ ਪੈਗ਼ਾਮ ਨੇ ਮੈਂਨੂੰ ਬਹੁਤ ਪ੍ਰਭਾਵਤ ਕੀਤਾ ਹੈ ਅਤੇ ਇਕ ਇਸਾਈ ਦੇ ਰੂਪ ਵਿੱਚ ਮੇਰੀ ਇਹ ਇਛੱਾ ਹੈ ਕਿ ਇਸਾਈਅਤ ਵੀ ਇਸ ਸਿੱਖਿਆ ਨੂੰ ਅਪਣਾਏ ।

ਫਿਰ ਇਕ ਮਹਿਮਾਨ ਨੇ ਕਿਹਾ ਕਿ ਇਸਤਰੀਆਂ ਦਾ ਜੋ ਅਸਥਾਨ ਪੇਸ਼ ਕੀਤਾ ਗਿਆ ਹੈ ਆਪ ਦੇ ਭਾਸ਼ਣ ਵਿੱਚ ਉਹ ਅਤਿਅੰਤ ਸੁੰਦਰ ਧਾਰਮਕ ਸਿੱਖਿਆ ਹੈ ਅਤੇ ਆਪ ਵਿੱਚ ਪੁਰੁਸ਼ ਇਸਤਰੀਆਂ ਦਾ ਜੋ ਅਸਥਾਨ ਤੇ ਹਕੂਕ (ਅਧਿਕਾਰਾਂ) ਵਿੱਚ ਜੋ ਸੰਤੁਲਨ ਹੈ ਉਹ ਮੈਂਨੂੰ ਬਹੁਤ ਪਸੰਦ ਆਇਆ ।

ਲਾਰਡ ਮੇਅਰ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਮੁਸਲਮਾਮਨਾ ਉਪੱਰ ਐਨ੍ਹੇ ਗ਼ਲਤ ਆਰੋਪ ਲਾਏ ਜਾਂਦੇ ਹਨ ਕਿ ਮੁਸਲਮਾਨਾਂ ਨੂੰ ਆਪਣੇ ਪੱਖ ਵਿੱਚ ਦਲੀਲਾਂ ਦੇਣੀਆਂ ਪੈ ਜਾਂਦੀਆਂ ਹਨ ਜੱਦ ਕਿ ਜੇਕਰ ਕੋਈ ਪਛੱਮੀ ਦੁਨੀਆ ਦਾ ਬੰਦਾ ਜਾਂ ਇਸਾਈ ਜੇਕਰ ਕੋਈ ਅਤਿਆਚਾਰੀ ਹਰਕਤ ਕਰੇ ਜਿਵੇਂ ਕਿ ਨਾਰਵੇ ਵਿੱਚ ਇਕ ਕਾਤਲ ਨੇ ਇਸਾਈਅਤ ਦੇ ਨਾਂ'ਤੇ ਕਤਲ ਕੀਤੇ ਸਨ ਤਾਂ ਕੋਈ ਵੀ ਨਹੀਂ ਕਹਿੰਦਾ ਕਿ ਇਸ ਧਰਮ ਦਾ ਕਸੂਰ ਹੈ ।

ਇਕ ਮਹਿਮਾਨ ਮਿਸਜ਼ ਜੂਲੀਆ ਕਹਿੰਦੀ ਹਨ ਬਹੁਤ ਚੰਗੇ ਢੰਗ ਨਾਲ ਆਯੋਜਤ ਹੋਣ ਵਾਲੇ ਇਸ ਪ੍ਰੋਗਰਾਮ ਵਿੱਚ ਭਾਸ਼ਣ ਦਾ ਇਹ ਨੁਕਤਾ (ਵਿਸ਼ਾ) ਵੀ ਮੈਂਨੂੰ ਬਹੁਤ ਚੰਗਾ ਲਗੱਾ ਕਿ ਜੇਕਰ ਬੰਦਿਆਂ ਦੇ ਅਧਿਕਾਰ ਪੂਰੇ ਨ ਕੀਤੇ ਜਾਣ ਤਾਂ ਰੱਬ ਦੀ ਇਬਾਦਤ ਦੇ ਕੀ ਅਰਥ ਰਹਿ ਜਾਂਦੇ ਹਨ । ਕਹਿੰਦੀ ਹਨ ਕਿ ਮੇਰੇ ਏਥੇ ਆਉਣ ਤੋਂ ਪਹਿਲਾਂ ਇਹੋ ਵਿਚਾਰ ਸੀ ਕਿ ਇਸਲਾਮ ਕਟੱੜਤਾ ਦੀ ਸਿੱਖਿਆ ਦਿੰਦਾ ਹੋਵੇਗਾ ਪਰ ਅੱਜ ਦੇ ਇਸ ਆਯੋਜਨ ਨੇ ਮੇਰੇ ਵਿਚਾਰਾਂ ਨੂੰ ਇਸਲਾਮ ਬਾਰੇ ਨਕਾਰਾਤਮਕ ਵਿਚਾਰਾਂ ਤੋਂ ਪਾਕ ਕਰ ਦਿੱਤਾ ਹੈ ਅਤੇ ਮੈਂ ਇਸਲਾਮ ਦੀ ਅਮਨ ਤੇ ਪ੍ਰੇਮ ਦੀ ਸਿੱਖਿਆ ਨਾਲ ਚੰਗੇ ਢੰਗ ਨਾਲ ਪ੍ਰੀਚਿਤ ਹੋਈ ਹਾਂ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿ ਅਜ਼ੀਜ਼ ਨੇ ਮਸਜਿਦ ਦੇ ਉਧਘਾਟਨ ਅਤੇ ਨੀਂਹ ਪਥੱਰ ਰਖੱਣ ਦੇ ਮੌਕੇ'ਤੇ ਟੀਵੀ, ਵੀਡੀਓ ਅਤੇ ਅਖ਼ਬਾਰਾਂ ਰਾਹੀਂ ਕਵਰੈਜ ਦਾ ਵਰਨਣ ਕੀਤਾ ਅਤੇ ਫ਼ਰਮਾਇਆ ਕਿ ਇਸ ਰਾਹੀਂ ਕਰੋੜਾਂ ਲੋਕਾਂ ਤੱਕ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਦਾ ਸੰਦੇਸ਼ ਪਹੁੰਚਿਆ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਜੱਦ ਯਾਤਰਾਂ ਉਪੱਰ ਜਾਂਦਾ ਹਾਂ ਤਾਂ ਜਿਸ ਦੇਸ਼ ਵਿੱਚ ਜਾਵਾਂ ਉਸ ਦੇਸ਼ ਦੇ ਕੁਝ ਹਾਲਾਤ ਵਰਣਨ ਕਰ ਦਿੰਦਾ ਹਾਂ ਪਰ ਏਥੇ ਯੂਕੇ ਵਿੱਚ ਵੀ ਰੱਬ ਦੀ ਮਿਹਰ ਨਾਲ ਚੰਗਾ ਕੰਮ ਹੋ ਰਿਹਾ ਹੈ । ਏਥੇ ਵੀ ਵੱਡੇ ਪਧੱਰ'ਤੇ ਇਸਲਾਮ ਦੀ ਹਕੀਕੀ ਸਿੱਖਿਆ ਫੈਲਾਉਣ ਦਾ ਕੰਮ ਹੋ ਰਿਹਾ ਹੈ । ਵੱਖ ਵੱਖ ਤੰਜ਼ੀਮਾ ਵੀ ਕੰਮ ਕਰ ਰਹੀਆਂ ਹਨ । ਜਮਾਤ ਦਾ ਪ੍ਰਚਾਰ ਦਾ ਸੈਕਸ਼ਨ ਵੀ ਰੱਬ ਦੀ ਮਿਹਰ ਨਾਲ ਕੰਮ ਕਰ ਰਿਹਾ ਹੈ । ਫ਼ਰਮਾਇਆ : ਉਧਾਰਣ ਦੇ ਰੂਪ ਵਿੱਚ ਇਹ ਪੀਸ ਕਾਂਨਫ਼੍ਰੈਂਸ ਹੋਈ ਹੈ ਜੋ ਪਿਛੱਲੇ ਦਿਨੀ ਮਾਰਚ ਦੇ ਮਹੀਨੇ ਵਿੱਚ ਹੋਈ ਇਸ ਵਿੱਚ ਵੀ ਬਹੁਤ ਵੱਡੇ ਪਧੱਰ'ਤੇ ਨ ਕੇਵਲ ਯੂਕੇ ਵਿੱਚ ਸਗੋਂ ਦੁਨੀਆ ਵਿੱਚ ਵੀ ਇਸਲਾਮ ਦਾ ਸੰਦੇਸ਼ ਪਹੁੰਚਿਆ ਹੈ ਹਜ਼ੂਰ ਅਨਵਰ ਨੇ ਪੀਸ ਸਿੰਪੋਜ਼ੀਅਮ ਵਿੱਚ ਸ਼ਾਮਲ ਹੋਣ ਵਾਲੇ ਕੁਝ ਮਹਿਮਾਨਾ ਦੇ ਵਿਚਾਰ ਵਰਨਣ ਕੀਤੇ : ਫ਼ਰਮਾਇਆ : ਇਕ ਚਰਚ ਵਾਰਡਨ ਸਨ ਉਹ ਏਥੇ ਆਈ ਹੋਈ ਸਨ ਪੀਸ ਸਿੰਪੋਜ਼ੀਅਮ ਵਿੱਚ, ਕਹਿੰਦੀ ਹਨ ਬਹੁਤ ਮਨਮੋਹਕ ਤੇ ਮਹਾਨ ਸੰਦੇਸ਼ ਸੀ, ਏਕਤਾ ਦਾ ਸੰਦੇਸ਼ ਸੀ ਜਿਸ ਦੀ ਅੱਜ ਸਮਾਜ ਨੂੰ ਲੋੜ ਹੈ । ਮੈਂਨੂੰ ਇਹ ਗੱਲ ਬਹੁਤ ਪਸੰਦ ਆਈ ਜੋ ਇਮਾਮ ਜਮਾਤ ਅਹਮਦੀਆਂ ਕੁਰਆਨ ਕਰੀਮ ਦੀ ਇਕ ਆਇਤ ਪੇਸ਼ ਕਰਕੇ ਵਰਨਣ ਕੀਤੀ ਕਿ ਵੱਖ ਵੱਖ ਧਰਮਾ ਪੈਰ੍ਹੋਕਾਰਾਂ ਨੂੰ ਆਪੋ ਵਿੱਚ ਰਲਦੀਆਂ ਗੱਲਾਂ ਵਿੱਚ ਇਤਫ਼ਾਕ ਕਰਨਾ ਚਾਹੀਦਾ ਹੈ । ਇਬਾਦਤ ਦਾ ਇਹ ਭਾਵ ਵੀ ਮੈਂਨੂੰ ਬਹੁਤ ਪਸੰਦ ਆਇਆ ਕਿ ਪੰਜ ਵੇਲੇ ਇਬਾਦਤ ਜ਼ਰੂਰੀ ਹੈ ਪਰ ਜੇਕਰ ਮਖ਼ਲੂਕ ਦੀ ਸੇਵਾ ਨਹੀਂ ਤਾਂ ਇਬਾਦਤ ਨਾ ਕੋਈ ਲਾਭ ਨਹੀਂ ।

ਇਕ ਨਰਸ ਸਨ ਫ਼ਯੂਨਾ ਸਾਹਿਬਾ, ਕਹਿੰਦੀ ਹਨ ਕਿ ਇਮਾਮ ਜਮਾਤ ਨੇ ਦਿਖਾਇਆ ਕਿ ਇਸਲਾਮ ਇਕ ਅਜਿਹਾ ਧਰਮ ਹੈ ਜਿਸ ਨੂੰ ਸਹੀ ਢੰਗ ਨਾਲ ਸਮਝਿਆ ਨਹੀਂ ਗਿਆ ਅਤੇ ਦਹਿਸ਼ਤਗਰਦ ਗ਼ਲਤ ਤੌਰ'ਤੇ ਇਸਲਾਮ ਪਿੱਛੇ ਛਿੱਪ ਰਹੇ ਹਨ । ਫਿਰ ਇਕ ਜੀਪੀ ਚਰਚ ਦੇ ਲੀਡਰ ਵੀ ਹਨ ਉਹ ਕਹਿੰਦੇ ਹਨ ਕਿ ਭਾਸ਼ਣ ਮੈਂ ਸੁਣਿਆ ਇਕ ਮਾਰਗ ਦਿਖਾਉਣ ਵਾਲੀ ਰੋਸ਼ਨੀ ਵਾਂਗ ਸੀ ਜਿਵੇਂ ਦਿਖਾਇਆ ਕਿ ਇਸਲਾਮ ਮਹਾਨ ਅਮਨ ਦਾ ਧਰਮ ਹੈ ।

ਇਕ ਕੰਪਨੀ ਦੀ ਡਾਇਰੈਕਟਰ ਸਾਹਿਬਾ ਕਹਿੰਦੀ ਹਨ ਹੱਥਿਆਰਾਂ ਦੇ ਵਪਾਰ ਬਾਰੇ ਖ਼ਲੀਫ਼ਾ ਸਾਹਬ ਦੀਆਂ ਗੱਲਾਂ ਮੈਂਨੂੰ ਪਸੰਦ ਅਈਆਂ । ਇਹ ਇਕ ਅਜਿਹੀ ਚੀਜ਼ ਹੈ ਜਿੱਥੇ ਆਣਕੇ ਸਾਡੇ ਆਚਰਣ ਖ਼ਤਮ ਹੋ ਜਾਂਦੇ ਹਨ ਅਤੇ ਕੇਵਲ ਵਪਾਰ ਦੇ ਲਾਭ ਨੂੰ ਪਹਿਲ ਦਿੱਤੀ ਜਾਂਦੀ ਹੈ । ਫਿਰ ਕਹਿੰਦੀ ਹਨ ਦੁਨੀਆ ਦੇ ਭਵਿੱਖ ਬਾਰੇ ਜਮਾਤ ਅਹਮਦੀਆ ਦੇ ਇਮਾਮ ਦੇ ਸ਼ਬਦ ਅਤੇ ਉਹਨਾਂ ਦੀ ਦੁਆ ਸੁਣਕੇ ਮੈਂ ਬਹੁਤ ਭਾਵਨਾਤਮਕ ਹੋ ਗਈ ਸੀ ਕਿ ਅਸੀਂ ਆਪਣੇ ਪਿੱਛੇ ਇਕ ਅਜਿਹੀ ਦੁਨੀਆ ਛੱਡ ਜਾਈਏ, ਇਸ ਦੇ ਨਾਲ ਉਹ ਚਿੰਤਤ ਵੀ ਸਨ ਕਿ ਕਿਤੇ ਅਸੀਂ ਆਪਣੇ ਪਿੱਛੇ ਅਪੰਗ ਬੱਚਿਆਂ ਨੂੰ ਦੁਨੀਆ ਵਿੱਚ ਨ ਛੱਡ ਜਾਈਏ । ਹਜ਼ੂਰ ਅਨਵਰ ਨੇ ਫ਼ਰਮਾਇਆ : ਏਥੇ ਜਮਾਤ ਨੂੰ ਵੀ ਧਿਆਨ ਦੁਆ ਦਿਆਂ ਕਿ ਅੱਜ ਕੱਲ ਦੁਨੀਆ ਦੇ ਹਾਲਾਤ ਬਹੁਤ ਵਿਗੜਦੇ ਜਾ ਰਹੇ ਹਨ ਅਤੇ ਬਹੁਤ ਦੁਆਵਾਂ ਦੀ ਲੋੜ ਹੈ । ਵੱਡੀਆ ਤਾਕਤਾਂ ਵੀ ਅਤੇ ਛੋਟੇ ਦੇਸ਼ ਵੀ ਜੰਗੀ ਜਨੂਨੀ ਹੁੰਦੇ ਜਾ ਰਹੇ ਹਨ । ਜੋ ਲੋਕ ਪਹਿਲਾਂ ਬਹੁਤ ਖ਼ੁਸ਼ਭਰਮੀ ਵਿੱਚ ਸਨ ਕਿ ਉਹਨਾਂ ਦੇ ਲੀਡਰ ਅਤੇ ਰਾਜਨੇਤਾ ਅਤੇ ਐਨਾਲਿਸਟ (ਅਧਿਐਨ ਕਰਤਾ) ਕਿ ਵਿਸ਼ਵ ਯੁੱਧ ਤਾਂ ਦੂਰ ਦੀ ਗੱਲ ਸਮਝਦੇ ਸਨ, ਹੁਣ ਉਹ ਵੀ ਕਹਿਣ ਲੱਗੇ ਹਨ ਕਿ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਸਗੋਂ ਜੰਗ ਦੀ ਬਹੁਤੀ ਸੰਭਾਵਨਾ ਹੈ ਅਤੇ ਫਿਰ ਜੰਗ ਵਿੱਚ ਜਿਵੇਂ ਕਿ ਅਮਰੀਕਾ ਅਤੇ ਕੋਰੀਆ ਦਾ ਮਸਲਾ ਅੱਜ ਕੱਲ ਹੋ ਰਿਹ ਹੈ, ਭਾਂਵੇ ਕਿ ਚੀਨ ਹੁਣ ਰੋਲ

ਅਦਾ ਕਰ ਰਿਹਾ ਹੈ ਕਿ ਕਿਸੇ ਪ੍ਰਕਾਰ ਮਸਲਾ ਹਲ ਹੋ ਜਾਏ ਉਹਨਾ ਦਾ । ਇਕ ਦੂਜੇ ਨੂੰ ਐਟਮੀ ਜੰਗ ਦੀਆਂ ਧਮਕੀਆ ਦੇ ਰਹੇ ਹਨ ਇਹ ਲੋਕ । ਇਸੇ ਪ੍ਰਕਾਰ ਮੁਸਮਲਮਾਨ ਲੀਡਰ ਵੀ ਜ਼ੁਲਮ ਕਰ ਰਹੇ ਹਨ ਅਤੇ ਏਥੇ ਵੀ ਬਲਾਕ ਬਣ ਰਹੇ ਹਨ । ਜੰਗਾ ਦੇ ਖੇਤਰ ਵੀ ਵਿਸ਼ਾਲ ਹੋ ਰਹੇ ਹਨ । ਰੱਬ ਅੱਗੇ ਦੁਆ ਕਰਨੀ ਚਾਹੀਦੀ ਹੈ ਕਿ ਅਲੱਾਹ ਤਆਲਾ ਇਹਨਾਂ ਨੂੰ ਅਕਲ ਦੇਵੇ ਅਤੇ ਇਸੇ ਪ੍ਰਕਾਰ ਜੋ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ (ਚੋਥੇ ਰੂਹਾਨੀ ਖ਼ਲੀਫ਼ਾ ਸਾਹਬ) ਨੇ ਇਕ ਵਾਰ ਐਟਮੀ ਜੰਗ ਦੇ ਕੁਪ੍ਰਭਾਵਾਂ ਦੀ ਰੋਕਥਾਮ ਲਈ ਇਕ ਨੁਸਖ਼ਾ ਵੀ ਹੋਮੀਓਪੈਥੀ ਦਾ ਦੱਸਿਆ ਸੀ ਇਸ ਨੂੰ ਵੀ ਜਮਾਤ ਨੂੰ ਚਾਹੀਦਾ ਹੈ ਕਿ ਹੁਣ ਵਰਤੇ, ਘੱਟੋ ਘੱਟ ਛੇ ਹੱਫ਼ਤਿਆਂ ਲਈ । ਇਕ ਵਾਰ ਇਕ ਦਵਾਈ ਫਿਰ ਦੂਜੀ ਦਵਾਈ, ਇਸ ਦਾ ਐਲਾਨ ਹੋ ਜਾਏਗਾ । ਕਾਰਸਿਨੋਸਿਨੋ ਰੇਡੀਯਮ ਬ੍ਰੋਮਾਈਡ । ਇਸੇ ਪ੍ਰਕਾਰ ਇਕ ਹੋਰ ਵਿਆਖਿਆ ਵੀ ਪੇਸ਼ ਕਰਾਂਗਾ ।

ਪੁਰਤਗਾਲ ਦੇ ਇਕ ਪ੍ਰੋਫ਼ੈਸਰ ਡਾਕਟਰ ਪੋਲੋਮੋਰਈਸ ਕਹਿੰਦੇ ਹਨ ਕਿ ਅੱਜ ਸਾਬਤ ਹੋ ਗਿਆ ਆਪ ਦੀਆਂ ਗਲੱਾਂ ਸੁਣਕੇ ਕਿ ਇਨਸਾਫ਼ ਅਤੇ ਅਮਨ ਪ੍ਰਤੀ ਸ਼ਬਦ ਹਨ ਜਿੰਨ੍ਹਾ ਦਾ ਇਕ ਹੀ ਅਰਥ ਹੈ ਅਤੇ ਇਕ ਤੋਂ ਬਿਨਾ ਦੂਜੇ ਦੀ ਪ੍ਰਾਪਤੀ ਸੰਭਵ ਸਹੀਂ । ਸੋ, ਕਹਿੰਦੇ ਹਨ ਕਿ ਦੁਨੀਆ ਵਿੱਚ ਇਨਸਾਫ਼ ਦੀ ਘਾਟ ਹੈ ਜਿਸ ਕਰਕੇ ਅਮਨ ਨਹੀਂ ਹੈ ।

ਹਜ਼ੂਰ ਅਨਵਰ ਅਯੱਾਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਕਈ ਇਕ ਮਹਿਮਾਨਾ ਦੇ ਇਮਾਨ ਵਧਾਉ ਵਿਚਾਰ ਵਰਨਣ ਕੀਤੇ ਅਤੇ ਮੀਡੀਆ ਰਾਹੀਂ ਵੱਡੇ ਪਧੱਰ'ਤੇ ਪੀਸ ਸਿੰਪੋਜ਼ੀਯਮ ਦੀ ਸਿੱਧੀ ਤੇ ਇਸਲਾਮ ਦੇ ਪ੍ਰਚਾਰ ਦਾ ਵਰਨਣ ਕੀਤਾ । ਫਿਰ ਫ਼ਰਮਾਇਆ : ਸੋਸ਼ਲ ਮੀਡੀਆ ਰਾਹੀਂ ਵੀ 3.8 ਮਿਲੀਅਨ ਦੀ ਕਵਰੈਜ ਹੋਈ ਹੈ । ਫ਼ਰਮਾਇਆ ਜਿਵੇਂ ਜਮਾਤ ਦਾ ਪੈਗ਼ਾਮ ਫੈਲ ਰਿਹਾ ਹੈ ਸਾਡੀ ਵਿਰੋਧਤਾ ਵੀ ਵੱਧ ਰਹੀ ਹੈ ਅਤੇ ਵਿਸ਼ੇਸ਼ ਰੂਪ ਵਿੱਚ ਮੁਸਲਮਾਨ ਦੇਸ਼ਾਂ ਵਿੱਚ ਵਿਰੋਧਤਾ ਵੱਧ ਰਹੀ ਹੈ । ਅਲਜਜ਼ਾਇਰ ਵਿੱਚ ਬੀਤੇ ਕੁਝ ਮਹੀਨਿਆਂ ਤੋਂ ਵਿਸ਼ੇਸ਼ ਰੂਪ ਵਿੱਚ ਬਹੁਤ ਅਧਿਕ ਵਿਰੋਧਤਾ ਹੈ ਅਤੇ ਇਹ ਵਧੱਦੀ ਚਲੀ ਜਾ ਰਹੀ ਹੈ, ਉਹਨਾਂ ਬਾਰੇ ਵੀ ਮੈਂ ਦੁਆ ਲਈ ਕਹਿ ਚੁਕਿਆ ਹਾਂ।

ਅਲਜਜ਼ਾਇਰ ਦੇ ਅਹਮਦੀਆਂ ਲਈ ਵੀ ਦੁਆ ਕਰੋ, ਫਿਰ ਪਾਕਿਸਤਾਨ ਦੇ ਅਹਮਦੀਆਂ ਲਈ ਲਈ ਵੀ ਦੁਆ ਕਰੋ, ਫਿਰ ਹੋਰ ਦੁਨੀਆ ਵਿੱਚ ਜਿੰਨ੍ਹਾ ਦੇਸ਼ਾ ਵਿੱਚ ਅਮਹਦੀਅਤ ਦੇ ਵਿਰੁਧ ਬਹੁਤਾ ਜੋਸ਼ ਗੁਬਾਲੇ ਖਾ ਰਿਹਾ ਹੈ ਉਹਨਾਂ ਲਈ ਵੀ ਦੁਆ ਕਰੋ ਕਿ ਅਲੱਾਹ ਤਆਲਾ ਸਾਰਿਆਂ ਨੂੰ ਸੁਰੱਖਿਆ ਵਿੱਚ ਰੱਖੇ ਅਤੇ ਵਿਸ਼ੇਸ਼ ਰੂਪ ਵਿੱਚ ਅਲਜਜ਼ਾਇਰ ਦੇ ਜੋ ਅਹਮਦੀ ਹਨ ਉਹ ਬਹੁਤੇ ਪੁਰਾਣੇ ਅਹਮਦੀ ਨਹੀਂ ਅਲੱਾਹ ਤਆਲਾ ਉਹਨਾਂ ਨੂੰ ਪੱਕੇ ਪੈਰ੍ਹੀਂ ਮਜ਼ਬੂਦਤ ਬਣਾਏ ਅਤੇ ਓਹਨਾਂ ਦੀਆਂ ਮੁਸ਼ਕਲਾਂ ਵੀ ਛੇਤੀ ਦੂਰ ਫ਼ਰਮਾਏ ।

**Khulasa Khutba Jumma 28.04.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131